

## ਉਪ ਅਰਥ ਅਤੇ ਅੰਕੜਾ ਸਲਾਹਕਾਰ

ਇਹ ਦਫ਼ਤਰ ਡਿਪਟੀ ਕਮਿਸ਼ਨਰ ਕੰਪਲੈਕਸ ਵਿੱਚ ਸਥਿਤ ਹੈ। ਜ਼ਿਲ੍ਹਾ ਪੱਧਰ ਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਇਸ ਦਾ ਮੁੱਖੀ ਹੁੰਦਾ ਹੈ। ਇਸ ਦੇ ਨਾਲ ਇੱਕ ਖੋਜ ਅਫ਼ਸਰ ਅਤੇ ਇੱਕ ਜ਼ਿਲ੍ਹਾ ਅੰਕੜਾ ਅਫ਼ਸਰ ਦੀ ਆਸਾਮੀ ਹੁੰਦੀ ਹੈ। ਇਸ ਤੋਂ ਬਾਅਦ ਇਸ ਦਫ਼ਤਰ ਵਿਖੇ ਤਿੰਨ ਸਹਾਇਕ ਖੋਜ ਅਫ਼ਸਰ ਹਨ ਅਤੇ ਚਾਰ ਅੰਕੜਾ ਸਹਾਇਕ ਦੀਆਂ ਆਸਾਮੀਆਂ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਹਰ ਬਲਾਕ ਪੱਧਰ ਤੇ ਇਸ ਵਿਭਾਗ ਦਾ ਇੱਕ ਇੰਨਵੈਸਟੀਗੇਟਰ ਨਿਯੁਕਤ ਹੁੰਦਾ ਹੈ, ਜੋ ਬਲਾਕ ਪੱਧਰ ਤੇ ਅੰਕੜਾ ਇਕੱਠਾ ਕਰਨ ਅਤੇ ਅੰਕੜਾ ਸੰਕਲਨ ਦਾ ਕੰਮ ਕਰਦਾ ਹੈ। ਲੋੜ ਪੈਣ ਤੇ ਇਹ ਲੋਕਾਂ ਨੂੰ ਬਲਾਕ ਪੱਧਰ ਤੇ ਸੂਚਨਾ ਮੁਹੱਈਆ ਕਰਦੇ ਹਨ। ਇਹ ਇਨਵੈਸਟੀਗੇਟਰ ਪੇਂਡੂ ਜਾਂ ਸ਼ਹਿਰੀ ਸੂਚਨਾ ਵੀ ਹਰ ਪੱਖੋਂ ਇਕੱਤਰ ਕਰਦੇ ਹਨ।

ਇਸ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਵੀ ਸੈਕੰਡਰੀ ਡੈਟਾ ਇਕੱਤਰ ਕੀਤਾ ਜਾਂਦਾ ਹੈ। ਇਹ ਡੈਟਾ ਯੋਜਨਾ ਤਿਆਰ ਕਰਨ, ਜ਼ਿਲ੍ਹੇ ਵਿੱਚ ਵੱਖ-ਵੱਖ ਸਕੀਮਾਂ ਤਿਆਰ ਕਰਨ, ਹਰ ਵਿਭਾਗ, ਆਮ ਲੋਕਾਂ ਅਤੇ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਲਈ ਬਹੁਤ ਸਹਾਈ ਹੁੰਦਾ ਹੈ। ਇਸ ਵਿਭਾਗ ਵਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡਾਂ ਦੀ ਡਾਇਰੈਕਟਰੀ ਅਤੇ ਨਗਰਪਾਲਿਕਾ ਅੰਕੜਾ ਪੁਸਤਕ ਵੀ ਤਿਆਰ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ ਡਿਸਟ੍ਰਿਕਟ ਐਟ ਏ ਗਲਾਂਸ, ਬਲਾਕ ਐਟ ਏ ਗਲਾਂਸ, ਬਲਾਕ ਵਾਈਜ਼ ਇੰਡੀਕੇਟਰਜ਼, ਕਰਮਚਾਰੀਆਂ ਦੀਆਂ ਗਣਨਾਂ, ਰਾਜ ਅੰਕੜਾ ਸਾਰ, ਪੂੰਜੀ ਨਿਰਮਾਣ, ਪ੍ਰਾਈਸ ਇੰਨਡੈਕਸ, ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ, ਥੋਕ ਕੀਮਤਾਂ, ਪਰਚੂਨ ਕੀਮਤਾਂ ਅਤੇ ਪਸ਼ੂ ਧੰਨ ਦੀਆਂ ਕੀਮਤਾਂ ਇਕੱਤਰ ਕਰਕੇ ਪੰਜਾਬ ਸਰਕਾਰ ਨੂੰ ਸਮੇਂ-ਸਮੇਂ ਸਿਰ ਭੇਜੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ ਇਹਨਾਂ ਦੀ ਪ੍ਰਕਾਸ਼ਨਾਂ ਕੀਤੀ ਜਾਂਦੀ ਹੈ, ਜੋ ਲੋਕਾਂ ਵਾਸਤੇ, ਵੱਖ-ਵੱਖ ਵਿਭਾਗਾਂ ਅਤੇ ਸਿਖਿਆਰਥੀਆਂ ਲਈ ਸਹਾਇਕ ਹੁੰਦੀ ਹੈ। ਰਾਸ਼ਟਰੀ ਨਮੂਨਾ ਸਰਵੇਖਣ ਦਾ ਕੰਮ ਵੀ ਕੀਤਾ ਜਾਂਦਾ ਹੈ ਜੋ ਕਿ ਭਾਰਤ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਗਾਈਡ ਲਾਈਨਜ਼ ਅਨੁਸਾਰ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੱਖ-ਵੱਖ ਵਿਸ਼ਿਆਂ ਤੇ ਸਰਵੇਖਣ ਕਰਦਾ ਹੈ।

ਇਸ ਵਿਭਾਗ ਵੱਲੋਂ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਹੁਸ਼ਿਆਰਪੁਰ ਨਾਲ ਸੰਬੰਧਤ ਕੰਮ ਕੀਤਾ ਜਾਂਦਾ ਹੈ, ਜੋ ਵੱਖ-ਵੱਖ ਜ਼ਿਲ੍ਹਾ ਪੱਧਰ ਤੇ ਸਥਿਤ ਵਿਭਾਗਾਂ ਦੀਆਂ ਜ਼ਿਲ੍ਹਾਵਾਰ ਸਕੀਮਾਂ ਦੇ ਫੰਡ ਜਾਰੀ ਕਰਦਾ ਹੈ ਅਤੇ ਬੰਧਨ ਮੁਕਤ (ਅਨਟਾਈਡ) ਫੰਡ ਆਉਣ ਤੇ ਚੇਅਰਮੈਨ, ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਵਿਕਾਸ ਦੇ ਕੰਮਾਂ ਲਈ ਵੱਖ-ਵੱਖ ਸਕੀਮਾਂ ਹੇਠ ਰਾਸ਼ੀ ਜਾਰੀ ਕਰਦਾ ਹੈ।

ਇਸ ਤੋਂ ਇਲਾਵਾ ਇਸ ਦਫ਼ਤਰ ਵੱਲੋਂ ਭਾਰਤ ਸਰਕਾਰ ਵੱਲੋਂ ਲਾਗੂ ਮੈਂਬਰ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ ਹੇਠ ਮਾਣਯੋਗ ਐਮ.ਪੀਜ਼ ਵੱਲੋਂ ਭੇਜੀਆਂ ਤਜਵੀਜ਼ਾਂ ਅਨੁਸਾਰ ਵੱਖ-ਵੱਖ ਵਿਕਾਸ ਕੰਮਾਂ ਵਾਸਤੇ ਫੰਡ ਐਮ.ਪੀ.ਲੈਡ ਸਕੀਮ ਦੀਆਂ ਗਾਈਡ ਲਾਈਨਜ਼ ਅਨੁਸਾਰ ਜਾਰੀ ਕੀਤੇ ਜਾਂਦੇ ਹਨ।